**ਪੰਜਾਬ ਐਜੂਸੈਟ ਸੁਸਾਇਟੀ**
**ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,**
**ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।**
**ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com**

ਸੇਵਾ ਵਿਖੇ

1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ ।
2) ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀ)

ਮੀਮੋ ਨੰ. 24/40/2013/ਪੀ.ਈ.ਐਸ/ਟਾਈਮ-ਟੇਬਲ /
ਮਿਤੀ, ਚੰਡੀਗੜ੍ਹ:

ਵਿਸ਼ਾ: **ਐਜੂਸੈਟ ਟਾਈਮ ਟੇਬਲ ਵਿਦਿਅਕ ਸ਼ੈਸ਼ਨ** 2014-15

1.0 ਨਵੇਂ ਵਿੱਦਿਅਕ ਸੈਸ਼ਨ (2014-15) ਲਈ ਗਰਮੀਆਂ ਅਤੇ ਸਰਦੀਆਂ ਦਾ ਐਜੂਸੈਟ ਟਾਈਮ ਟੇਬਲ (ਨੱਥੀ) ਆਪ ਜੀ ਨੂੰ ਭੇਜਿਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਐਜੂਸੈਟ ਸੁਸਾਇਟੀ ਵੱਲੋਂ 8ਵੀਂ ਤੋਂ 12ਵੀਂ ਜਮਾਤ ਤੱਕ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਲਈ ਨਸ਼ਰ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਹੈ। ਸਬੰਧਤ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਕੂਲ ਦਾ ਟਾਈਮ ਟੇਬਲ ਇਸ ਟਾਈਮ ਟੇਬਲ ਨੂੰ ਧਿਆਨ ਵਿੱਚ ਰੱਖ ਕੇ ਬਣਾਉਣ।

2.0 ਨਵੇਂ ਵਿੱਦਿਅਕ ਸੈਸ਼ਨ 2014-15 ਵਿੱਚ ਐਜੂਸੈਟ ਰਾਹੀਂ ਹਿਊਮੈਨਟੀਜ਼ ਸਟ੍ਰੀਮ ਅਧੀਨ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇਲੈਕਟਿਵ ਪੰਜਾਬੀ ਦਾ ਵਿਸ਼ਾ ਵੀ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿੱਚ 12ਵੀਂ ਜਮਾਤ ਦੇ ਇਲੈਕਟਿਵ ਪੰਜਾਬੀ ਵਿਸ਼ੇ ਲਈ ਵੀਰਵਾਰ ਨੂੰ ਛੇਵਾਂ ਲੈਕਚਰ ਅਤੇ ਸ਼ੁੱਕਰਵਾਰ ਨੂੰ 11ਵੀਂ ਜਮਾਤ ਲਈ ਪੰਜਵਾਂ ਲੈਕਚਰ ਰੱਖਿਆ ਗਿਆ ਹੈ।ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨਾਲ ਸਬੰਧਿਤ ਪੰਜਾਬੀ ਵਿਸ਼ੇ ਦਾ ਲੈਕਚਰਾਰ ਐਜੂਸੈਟ ਰੂਮ ਵਿੱਚ ਉਪਲਬਧ ਰਹੇਗਾ ਅਤੇ ਟੈਲੀਕਾਸਟ ਵਿੱਚ ਰੁਕਾਵਟ ਹੋਣ ਤੇ ਵਿਦਿਆਰਥੀਆਂ ਨੂੰ ਉਹ ਖ਼ੁੱਦ ਟਾਪਿਕ ਮੁਕੰਮਲ ਕਰਵਾਉਣਗੇ।

3.0 ਨਵੇਂ ਵਿੱਦਿਅਕ ਸ਼ੈਸ਼ਨ 2014-15 ਵਿੱਚ ਐਜੂਸੈਟ ਰਾਹੀਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਾਫਟ ਸਕਿਲਜ਼ ਪ੍ਰੋਗਰਾਮ ਵੀ ਲਾਗੂ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਲਈ ਬੁੱਧਵਾਰ ਦਾ ਦਿਨ ਟਾਈਮ-ਟੇਬਲ ਵਿੱਚ ਪੰਜਵਾਂ ਪੀਰੀਅਡ ਰੱਖਿਆ ਗਿਆ ਹੈ ਅਤੇ ਜਿਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵੱਧ ਹੈ ਉਹਨਾਂ ਲਈ ਸ਼ੁੱਕਰਵਾਰ ਨੂੰ ਛੇਵੇਂ ਪੀਰੀਅਡ ਵਿੱਚ ਇਸੇ ਪ੍ਰੋਗਰਾਮ ਦਾ ਰਿਪੀਟ ਟੈਲੀਕਾਸਟ ਵੀ ਹੋਵੇਗਾ। ਪ੍ਰੋਗਰਾਮ ਸਮੇਂ ਸੁਨਿਸ਼ਚਿਤ ਕੀਤਾ ਜਾਵੇ ਕਿ ਵਿਦਿਆਰਥੀ ਵਰਕਬੁੱਕ ਸਮੇਤ ਇਹ ਪ੍ਰੋਗਰਾਮ ਅਟੈਂਡ ਕਰਨ ਤਾਂ ਜੋ ਉਹਨਾਂ ਨੂੰ ਪ੍ਰੋਗਰਾਮ ਦਾ ਪੂਰਾ ਲਾਭ ਮਿਲ ਸਕੇ। ਵਰਕਬੁੱਕ ਐਸ.ਐਸ.ਏ ਦੀ ਵੈਬਸਾਈਟ ਤੇ ਉਪਲੱਬਧ ਕਰਵਾ ਦਿੱਤੀਆਂ ਜਾਣਗੀਆਂ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨਾਲ ਉਹਨਾਂ ਨਾਲ ਸਬੰਧਿਤ ਅੰਗਰੇਜੀ ਲੈਕਚਰਾਰ/ਅਧਿਆਪਕ ਐਜੂਸੈਟ ਰੂਮ ਵਿੱਚ ਉਪਲੱਬਧ ਰਹੇਗਾ ਅਤੇ ਟੈਲੀਕਾਸਟ ਵਿੱਚ ਰੁਕਾਵਟ ਹੋਣ ਤੇ ਵਿਦਿਆਰਥੀਆਂ ਨੂੰ ਟ੍ਰੇਨਿੰਗ ਅਨੁਸਾਰ ਅਗਲਾ ਪ੍ਰੋਗਰਾਮ ਮੁਕੰਮਲ ਕਰਵਾਉਣਗੇ।

4.0 ਇਸ ਵਿੱਦਿਅਕ ਵਰ੍ਹੇ ਤੋਂ ਫਿਜਿਕਸ, ਕਮਿਸਟਰੀ, ਬਾਇਓਲੋਜੀ, ਹਿਸਾਬ ਅਤੇ ਜੋਗਰਫੀ ਵਿਸ਼ੇ ਦੇ ਪ੍ਰੈਕਟੀਕਲਜ਼ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਕਰਵਾਏ ਜਾਣਗੇ। ਇਸ ਤੋਂ ਇਲਾਵਾ ਉਸ ਵਿਸ਼ੇ ਦੇ ਰੈਗੂਲਰ ਪ੍ਰੋਗਰਾਮਾਂ ਦੇ ਨਾਲ-ਨਾਲ ਸਬੰਧਤ ਫੀਲਡ ਵਿੱਚੋਂ ਉੱਘੀਆ ਸਖਸ਼ੀਅਤਾਂ ਨਾਲ ਮੁਲਾਕਾਤ ਤੇ ਕੁਇਜ਼ ਪ੍ਰੋਗਰਾਮ ਵੀ ਸ਼ਾਮਿਲ ਕੀਤੇ ਜਾਣਗੇ।

5.0 ਸਬੰਧਤ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਐਜੂਸੈਟ ਟਾਈਮ ਟੇਬਲ ਅਤੇ ਸਡਿਊਲ ਮੁਤਾਬਿਕ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਵਿਸ਼ਾ ਅਧਿਆਪਕ ਅਤੇ ਵਿਦਿਆਰਥੀ ਐਜੂਸੈਟ ਰੂਮ ਵਿੱਚ ਹਾਜ਼ਰ ਰਹਿਣ ਅਤੇ ਐਜੂਸੈਟ ਦੇ ਪ੍ਰੋਗਰਾਮਾਂ ਨੂੰ ਧਿਆਨ ਨਾਲ ਵੇਖਣ। ਵਿਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਨੂੰ ਟੈਲੀਫੋਨ ਰਾਹੀ ਸਕੂਲ ਮੁਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਭੇਜਿਆ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ, ਐਜੂਸੈਟ ਪ੍ਰੋਗਰਾਮਾ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਹੋਵੇ।

**ਪ੍ਰਮੁੱਖ ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**

ਪਿੱਠ ਅੰਕਣ ਨੰ. 24/40/2013/ਪੀ.ਈ.ਐਸ/ਟਾਈਮ-ਟੇਬਲ / ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਟੇਟ ਪ੍ਰੋਜੈਕਟ ਡਾਇਰੈਕਟਰ, ਐਸ.ਐਸ.ਏ. ਅਤੇ ਆਰ.ਐਮ.ਐਸ.ਏ. ਪੰਜਾਬ, ਚੰਡੀਗੜ੍ਹ
2. ਡੀ.ਪੀ.ਆਈ. (ਸੈ.ਸਿ.) ਪੰਜਾਬ, ਚੰਡੀਗੜ੍ਹ

**ਪ੍ਰ. ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**